**ਮਾਨਯੋਗ ਸਪੀਕਰ:** ਸਰਦਾਰ ਹਰਪਾਲ ਸਿੰਘ ਚੀਮਾ ਜੀ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਇਹ ਵਿਧਾਨ ਸਭਾ ਦਾ ਸਪੈਸ਼ਲ ਸੈਸ਼ਨ ਹੈ। ਇਹ ਇਸ ਲਈ ਬੁਲਾਇਆ ਹੈ ਕਿ ਜਿਹੜੇ ਖੇਤੀਬਾੜੀ ਬਿਲ ਨੇ ਉਨ੍ਹਾਂ ਦੇ ਖਿਲਾਫ ਕਿਵੇਂ ਲੈਜੀਸਲੇਸ਼ਨ ਲੈ ਕੇ ਆਉਣਾ ਹੈ, ਕਿਵੇਂ ਕਾਨੂੰਨ ਲੈ ਕੇ ਆਉਣਾ ਹੈ। ਲੇਕਿਨ ਮੈਂ ਬੀ.ਏ.ਸੀ ਦੀ ਮੀਟਿੰਗ ਵਿੱਚ ਵੀ ਕਿਹਾ ਸੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ ਅਤੇ ਇਸ ਸਮੇਂ ਸਦਨ ਵਿੱਚ ਕਾਫੀ ਸ਼ੋਰ ਸੀ)

(ਵਿਘਟ)(ਸ਼ੋਰ)

**ਮਾਨਯੋਗ ਸਪੀਕਰ:** ਜੋ ਕੁਝ ਚੇਅਰ ਦੀ ਇਜਾਜ਼ਤ ਤੋਂ ਬਿਨ੍ਹਾਂ ਕਿਹਾ ਗਿਆ, ਇਹ ਦਰਜ ਨਾ ਕੀਤਾ ਜਾਵੇ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਉਹ ਬਿਲਾਂ ਦੀਆਂ ਕਾਪੀਆਂ ਕਦੋਂ ਮਿਲਣਗੀਆਂ। ਕੀ ਉਹ ਬਿਲਾਂ ਦੀਆਂ ਕਾਪੀਆਂ ਕੱਲ ਨੂੰ 11 ਵਜੇ ਮਿਲਣਗੀਆਂ? ਸਪੀਕਰ ਸਾਹਿਬ, ਇਸੇ ਵਿਧਾਨ ਸਭਾ ਦੇ ਵਿੱਚ ਸਾਡੇ ਸੰਸਦੀ ਮਾਮਲੇ ਮੰਤਰੀ ਨੇ ਐਸ਼ਿਓਰ ਕੀਤਾ ਸੀ ਕਿ ਬਿਲਾਂ ਦੀਆਂ ਕਾਪੀਆਂ 15 ਦਿਨ ਪਹਿਲਾਂ ਮਿਲਣਗੀਆਂ। ਚਲੋ, ਇਹ ਐਮਰਜੈਂਸੀ ਦਾ ਸੈਸ਼ਨ ਹੈ ਲੇਕਿਨ 48 ਘੰਟੇ, 24 ਘੰਟੇ, 12 ਘੰਟੇ, 10 ਘੰਟੇ, 8 ਘੰਟੇ ਤੱਕ ਇਹ ਤਾਂ ਦਸ ਦਿਓ ਕਿ ਕਦੋਂ ਤੱਕ ਮਿਲਣਗੀਆਂ? ਕੀ ਇਹ ਕਾਪੀਆਂ ਕੱਲ ਨੂੰ ਮਿਲਣਗੀਆਂ? ਕੀ ਜਦੋਂ ਸੈਸ਼ਨ ਓਵਰ ਹੋ ਗਿਆ ਉਦੋਂ ਮਿਲਣਗੀਆਂ? ਸਰ, ਤੁਸੀਂ ਇਥੇ ਵਿਧਾਨ ਸਭਾ ਵਿੱਚ ਐਸ਼ਿਓਰ ਕੀਤਾ ਸੀ, ਸਰ ਅੱਜ ਇਹ ਕਾਪੀਆਂ ਕਿਉਂ ਨਹੀਂ ਮਿਲ ਰਹੀਆਂ?

**ਮਾਨਯੋਗ ਸਪੀਕਰ:** ਤੁਸੀਂ ਇਹ ਬੀ.ਏ.ਸੀ ਵਿੱਚ ਗੱਲ ਕੀਤੀ ਹੈ।

**ਸਰਦਾਰ ਹਰਪਾਲ ਸਿੰਘ ਚੀਮਾ:** ਹਾਂ ਜੀ, ਮੈਂ ਬੀ.ਏ.ਸੀ ਵਿੱਚ ਗੱਲ ਕੀਤੀ ਹੈ। ਸਰ, ਇੱਥੇ ਇਹ ਥੋੜੀ ਹੈ ਕਿ ਤੁਸੀਂ ਬਿਲ ਦੀਆਂ ਕਾਪੀਆਂ ਨਹੀਂ ਦਿਓਗੇ। ਸਰ, ਜਿਹੜਾ ਕੱਲ ਖੇਤੀਬਾੜੀ ਨੂੰ ਲੈ ਕੇ ਬਿਲ ਆਉਣਾ ਹੈ ਉਸ ਦੀਆਂ ਕਾਪੀਆਂ ਨੂੰ ਕਿਉਂ ਮਜਵੀਂਕ;ਦ ਕੀਤਾ ਗਿਆ ਹੈ। ਇਸ ਵਿੱਚ ਪੰਜਾਬ ਸਰਕਾਰ ਦੀ ਕੀ bad intention ਹੈ?

(ਵਿਘਨ)(ਸ਼ੋਰ)

**ਵਿੱਤ ਮੰਤਰੀ:** ਸਪੀਕਰ ਸਾਹਿਬ, ਮੈਂ Business Advisory Committee ਦੇ ਵਿੱਚ ਵੀ ਅਤੇ ਬੜੇ ਅਦਬ ਨਾਲ ਮੈਂ ਇਸ ਹਾਊਸ ਨੂੰ ਵੀ ਦੱਸਣਾ ਚਾਹੁੰਦਾ ਹਾਂ ਕਿ ਜਿੰਨੀ ਵੀ ਸਰਕਾਰ ਦੀ ਲੈਜੀਸਲੇਸ਼ਨ ਹੈ, ਉਸ

ਦੀਆਂ ਕਾਪੀਆਂ ਸਪੀਕਰ ਸਾਹਿਬ 5 ਵਜੇ ਤੋਂ ਪਹਿਲਾਂ ਪਹਿਲਾਂ ਪਹੁੰਚ ਜਾਣਗੀਆਂ। ਜਿੱਥੋਂ ਤੱਕ ਖੇਤੀਬਾੜੀ ਬਿਲ ਦਾ ਸਵਾਲ ਹੈ, ਸਪੀਕਰ ਸਾਹਿਬ, ਇਹ ਮਸਲਾ ਬੜਾ ਗੁੰਝਲਦਾਰ ਹੈ।

**ਮਾਨਯੋਗ ਸਪੀਕਰ:** (ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਸੀਟਾਂ ਤੇ ਖੜੇ ਹੋ ਕੇ ਬਿਨਾ ਇਜਾਜ਼ਤ ਬੋਲ ਰਹੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ) ਸੁਣ ਲਓ, ਹੁਣ ਤੁਸੀਂ ਸੁਣ ਲਓ।

**ਵਿੱਤ ਮੰਤਰੀ:** ਸਪੀਕਰ ਸਾਹਿਬ, ਅਖੀਰਲੇ ਸਮੇਂ ਤੱਕ ਜਿਹੜੇ ਕਾਨੂੰਨਦਾਨ ਹਨ, ਚਾਹੇ ਉਹ Constitutional Experts ਹਨ, ਚਾਹੇ ਉਹ ਵੱਡੇ ਵਕੀਲ ਹਨ, ਉਨ੍ਹਾਂ ਨਾਲ ਸਰਕਾਰ ਦੀ ਮੁਸ਼ਾਵਰਤ ਚਲ ਰਹੀ ਹੈ। ਸਪੀਕਰ ਸਾਹਿਬ, ਇਹ ਜਿਹੜਾ ਬਿਲ ਸਰਕਾਰ ਲੈ ਕੇ ਆਏਗੀ। (ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਜੀ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਸਪੀਕਰ ਸਾਹਿਬ, ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਸਾਰਾ ਪੰਜਾਬ ਅੱਜ ਇਸ ਵਿਧਾਨ ਸਭਾ ਵੱਲ ਦੇਖ ਰਿਹਾ ਹੈ। ਸਰਕਾਰ ਨੇ ਸਪੈਸ਼ਲ ਸੈਸ਼ਨ agricultural Acts ਦੇ ਸਬੰਧ ਵਿੱਚ ਬੁਲਾਇਆ ਸੀ ।ਇਹ ਸਾਰੇ ਪੰਜਾਬ ਨੂੰ ਅਤੇ ਕਿਸਾਨਾਂ ਨੂੰ ਪਤਾ ਹੈ ਕਿ ਪੰਜਾਬ ਵਿਧਾਨ ਸਭਾ ਅੱਜ ਕੋਈ ਫੈਸਲਾ ਕਰਕੇ ਉਠੇਗੀ ਜਾਂ ਤਾਂ ਸਰਕਾਰ ਦਰਚਲ;ਕ ਠਜਅਦਕਦ ਹੈ। ਸਰਕਾਰ ਨੂੰ ਫ;ਗਜਵਖ ਨਹੀਂ ਹੋਈ ਕਿ ਇਨ੍ਹਾਂ ਨੇ ਕਿਹੜਾ ਗਕਤਰ;ਚਵਜਰਅ ਲੈ ਕੇ ਆਉਣਾ ਹੈ? ਬਾਕੀ ਤੁਸੀਂ ਜਿਹੜੀ ਅੱਜ ਦੀ ਕਾਰਵਾਈ ਪਾਈ ਹੈ, ਇਹ ਬਿਲਕੁਲ ਹੀ ਆਪਣੇ ਕਿਸਾਨਾਂ ਨਾਲ ਮਜ਼ਾਕ ਹੋ ਗਿਆ ਜੀ। ਅੱਜ ਇਹ ਜਿਹੜਾ ਸਪੈਸ਼ਲ ਸੈਸ਼ਨ ਸੀ regarding Agricultural Ordinance Act, ਇਹ ਅੱਜ ਦਾ ਪਹਿਲਾਂ ਤੇ ਮੇਨ ਬਿਜ਼ਨਸ ਹਾਊਸ ਦਾ ਹੋਣਾ ਚਾਹੀਦਾ ਸੀ। ਜਿਹੜਾ ਨਹੀਂ ਲੈ ਕੇ ਆਏ। ਇਹ ਅੱਜ ਦੀ ਕਾਰਵਾਈ ਕਿਸ ਦੇ ਦਬਾਅ ਥੱਲੇ ਲੈ ਕੇ ਆਏ ਹਨ? ਕਾਰਨ ਕੀ ਹੈ, ਇਸ ਦਾ ਸਰਕਾਰ ਕਿਸਾਨਾਂ ਨੂੰ ਜਵਾਬ ਦੇਵੇ। ਲੇਕਿਨ ਅੱਜ ਸਾਰਾ ਪੰਜਾਬ ਦੇਖ ਰਿਹਾ ਹੈ ਕਿ ਪੰਜਾਬ ਵਿਧਾਨ ਸਭਾ ਕੀ ਕਰ ਰਹੀਂ ਹੈ। ਅਸੀਂ ਅੱਧੇ ਘੰਟੇ ਬਾਅਦ ਮੁੜ ਕੇ ਘਰਾਂ ਨੂੰ ਚਲੇ ਜਾਣਾ ਹੈ। ਇਹ ਸਰਕਾਰ ਨੇ ਕਿਸਾਨਾਂ ਦਾ ਮਜ਼ਾਕ ਉਡਾਇਆ ਹੈ ਜੀ। ਸਾਨੂੰ ਇਸ ਗੱਲ ਦਾ ਦੁੱਖ ਹੈ। ਆਪਾਂ ਸਾਰੇ ਕਿਸਾਨਾਂ ਨਾਲ ਖੜੇ ਹਾਂ। ਇਹ ਵੀ ਮੇਰੇ ਵੀਰ ਖੜੇ ਹਨ (ਆਮ ਆਦਮੀ ਪਾਰਟੀ ਦੇ ਮੈਬਰਾਂ ਵੱਲ ਇਸ਼ਾਰਾ) ਤੇ ਅਸੀਂ ਵੀ ਖੜੇ ਹਾਂ। ਲੇਕਿਨ ਅੱਜ ਇਹ ਸਭ ਤੋਂ ਪਹਿਲਾਂ ਦਾ ਬਿਜ਼ਨਸ ਇਸ ਹਾਊਸ ਦਾ ਹੋਣਾ ਚਾਹੀਦਾ ਸੀ। ਜਿਹੜੇ ਖੇਤੀਬਾੜੀ ਦੇ ਐਕਟ ਪਾਰਲੀਮੈਂਟ ਨੇ ਪਾਸ ਕੀਤੇ ਹਨ, ਉਨ੍ਹਾਂ ਨੂੰ ਆਪਾਂ ਅਚ;;ਜਖਿ ਕਰਨਾ ਹੈ। ਹੁਣ ਬਾਦਲ ਸਾਹਿਬ ਕਹਿੰਦੇ ਹਨ ਕਿ ਸ਼ਾਮ ਨੂੰ ਬਿਲ ਆ ਜਾਏਗਾ, ਪਤਾ ਨਹੀਂ ਕਦੋਂ ਆਏਗਾ? ਲੇਕਿਨ ਇਹ ਸਭ ਤੋਂ ਜਠਬਰਗਵ੍ਹਅਵ ਜਤਤਚਕ ਸੀ।

(ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਵਡਾਲਾ ਜੀ, ਵਡਾਲਾ ਜੀ, ਵਡਾਲਾ ਜੀ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਸਪੀਕਰ ਸਾਹਿਬ, ਬਿਲਕੁਲ ਨਹੀਂ ਜੀ, ਇਹ ਸਰਕਾਰ ਨੇ ਬਹੁਤ ਵੱਡੀ ਕੁਤਾਹੀ ਕੀਤੀ ਹੈ। ਇਹ ਕਿਸਾਨਾਂ ਦੇ ਜਜ਼ਬਾਤਾਂ ਨਾਲ ਖੇਡੇ ਹਨ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ (ਜਾਰੀ)**

ਸਰਕਾਰ ਨੇ ਬਹੁਤ ਵੱਡੀ ਕੁਤਾਹੀ ਕੀਤੀ ਹੈ। ਇਹ ਕਿਸਾਨਾਂ ਦੇ ਜਜ਼ਬਾਤਾਂ ਨਾਲ ਖੇਡੇ ਹਨ।

**ਮਾਨਯੋਗ ਸਪੀਕਰ** : ਵਡਾਲਾ ਜੀ, ਵਡਾਲਾ ਜੀ, ਸੁਣੋਗੇ ਵੀ? ਬੀ.ਏ.ਸੀ. ਵਿੱਚ...... ਬੀ.ਏ.ਸੀ. ਵਿੱਚ ਫੈਸਲਾ ਹੋਇਆ ਹੈ। (ਵਿਘਨ) (ਸ਼ੋਰ) ਬੀ.ਏ.ਸੀ. ਵਿੱਚ ਸਹਿਮਤੀ ਹੋਈ ਹੈ (ਸ਼ੋਰ) (ਵਿਘਨ) ਬੀ.ਏ.ਸੀ. ਵਿੱਚ ਇਸ ਗੱਲ ਤੇ ਸਹਿਮਤੀ ਹੋਈ ਹੈ ਕਿ ਸੈਸ਼ਨ ਕੱਲ ਹੋਵੇਗਾ। (ਵਿਘਨ) (ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਸਮੂਹ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਗਏ ਅਤੇ ਬਿਨਾ ਆਗਿਆ ਬੋਲਣ ਲੱਗੇ। ਇਸ ਸਮੇਂ ਸਦਨ ਵਿੱਚ ਕਾਫੀ ਸ਼ੋਰ ਸੀ ਅਤੇ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ** : ਫੈਸਲਾ ਹੋਇਆ ਕਿ ਸੈਸ਼ਨ ਕੱਲ੍ਹ ਹੋਵੇਗਾ। (ਵਿਘਨ) (ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਕਿਸਾਨਾਂ ਦੇ ਮੁੱਦੇ ਤੇ ਬਹਿਸ ਨਾ ਕਰਵਾਏ ਜਾਣ ਦੇ ਰੋਸ ਵਜੋਂ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਅਤੇ **** **** ਨਾਅਰੇ ਲਗਾਉਣ ਲੱਗੇ।)

**ਮਾਨਯੋਗ ਸਪੀਕਰ** : ਹਾਂ ਜੀ, ਰਾਣਾ ਸਾਹਿਬ। (ਵਿਘਨ) (ਸ਼ੋਰ)

**ਖੇਡਾਂ ਤੇ ਯੁਵਕ ਮਾਮਲੇ ਅਤੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ (ਰਾਣਾ ਗੁਰਮੀਤ ਸਿੰਘ ਸੋਢੀ) :** ਸਪੀਕਰ ਸਾਹਿਬ..... ਇੱਕ ਮਿੰਟ ਗੱਲ ਸੁਣ ਲਉ...... ਇਹ ਪ੍ਰਥਾ ਰਹੀ ਹੈ..... (ਵਿਘਨ) (ਸ਼ੋਰ) ਮੈਂ ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਅੱਜ ਸ਼ਰਧਾਂਜਲੀਆਂ ਤੋਂ ਬਾਅਦ ਸਰਕਾਰ ਨੇ ਕੱਲ੍ਹ ਦਾ ਸਾਰਾ ਦਿਨ.....

**ਮਾਨਯੋਗ ਸਪੀਕਰ** : ਸੈਸ਼ਨ ਕੱਲ੍ਹ ਦਾ ਕਰਨ ਵਾਸਤੇ...... (ਵਿਘਨ) (ਸ਼ੋਰ)

**ਖੇਡਾਂ ਤੇ ਯੁਵਕ ਮਾਮਲੇ ਅਤੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ (ਰਾਣਾ ਗੁਰਮੀਤ ਸਿੰਘ ਸੋਢੀ) :** ਕਿਸਾਨਾਂ ਦੇ ਮੁੱਦੇ ਤੇ ਬਹਿਸ ਕਰਨ ਵਾਸਤੇ ਕੱਲ੍ਹ ਦਾ ਸਾਰਾ ਦਿਨ ਰੱਖਿਆ ਗਿਆ ਹੈ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਕੱਲ੍ਹ ਨੂੰ ਬਹਿਸ ਰੱਖਣ ਵਾਸਤੇ......

